25-2-96

# ਕਲਾ ਦੇ ਝਰੋਖੇ ਤੋਂ

## ਗੁਰਸ਼ਰਨ ਸਿੰਘ

ਇਕ ਇਤਿਹਾਸਕ ਘਟਨਾ :ਪਾਬਲੋ ਨੇਰੂਦਾ ਇਕ ਮਹਾਨ ਵਿਸ਼ਵ ਕਵੀ ਦਾ ਦਰਜਾ ਰੱਖਦਾ ਹੈ । ਉਹਦੀਆਂ ਕਵਿਤਾਵਾਂ ਦਾ ਪੰਜਾਬੀ ਰੂਪ ਵਿਚ ਛਪਣਾ ਆਪਣੇ-ਆਪ ਵਿਚ ਇਤਿਹਾਸਕ ਘਟਨਾ ਹੈ । ਇਨ੍ਹਾਂ ਕਵਿਤਾਵਾਂ ਦਾ ਅਨੁਵਾਦ ਹਰਭਜਨ ਸਿੰਘ ਹੁੰਦਲ ਦੀ ਕਲਮ ਤੋਂ ਹੈ । ਪਾਬਲੋ ਨੇਰੂਦਾ (1904-73) ਸਪੇਨੀ ਭਾਸ਼ਾ ਵਿਚ ਲਿਖਣ ਵਾਲਾ ਦੱਖਣੀ-ਅਮਰੀਕਾ ਦੇ ਦੇਸ਼ ਚਿੱਲੀ ਦਾ ਕਵੀ ਸੀ । 1934 ਦੇ ਸਪੇਨੀ ਗ੍ਰਹਿ ਯੁੱਧ ਦੇ ਪ੍ਰਭਾਵ ਕਾਰਨ ਕਮਿਊਨਿਸਟ ਵਿਚਾਰਧਾਰਾ ਦਾ ਸਮਰਥਕ ਬਣਿਆ । ਕਈ ਸਾਲ ਜਲਾਵਤਨ ਰਿਹਾ । 1971 ਵਿਚ ਨੋਬਲ ਪੁਰਸਕਾਰ ਉਹਨੂੰ ਮਿਲਿਆ, ਆਪਣੀ ਕਵਿਤਾ ਬਾਰੇ ਉਹਦੇ ਵਿਚਾਰ ਇਕ ਲਿਖਤ 'ਮੇਰੀ ਕਵਿਤਾ' ਵਿਚ ਪੜ੍ਹਨ ਨੂੰ ਮਿਲਦੇ ਹਨ :

''ਮੈਂ ਗਰੀਬ ਦੁੱਖਾਂ ਮਾਰੇ ਤੇ ਬਹਾਦਰ ਲਾਤੀਨੀ ਅਮਰੀਕਾ ਦਾ ਕਵੀ ਹਾਂ । ਮੇਰੀ ਕਵਿਤਾ ਦਾ ਮਹੱਤਵ ਹੈ ਕਿ ਇਕ ਕੌਮ ਤੋਂ ਦੂਸਰੀ ਕੌਮ ਤਕ ਸੱਚ ਦੇ ਸ਼ਬਦ ਲੈ ਕੇ ਜਾਵਾਂ । ਸਾਡੇ ਲੇਖਕਾਂ ਲਈ ਸਮੁੱਚੀ ਜ਼ਿੰਦਗੀ ਇਕ ਨਿਰੰਤਰ ਸੰਘਰਸ਼ ਹੈ, ਜਿਹੜਾ ਅਸੀਂ ਉਹਨਾਂ ਸ਼ਰਮਨਾਕ ਹਾਲਤਾਂ ਦੇ ਵਿਰੁੱਧ ਲੜਦੇ ਹਾਂ, ਜਿਹੜੀਆਂ ਲਾਤੀਨੀ ਅਮਰੀਕਾ ਦੀਆਂ ਕੌਮਾਂ ਉਤੇ ਠੋਸੀਆਂ ਗਈਆਂ ਹਨ । ਅਸੀਂ ਆਪਣੇ ਮਿੱਤਰਾਂ ਤੇ ਸਾਥੀਆਂ ਵਿਰੁੱਧ ਹੋ ਰਹੇ ਜਬਰ ਦੇ ਵਿਰੁੱਧ ਲੜਨ ਤੋਂ ਕਦੀ ਵੀ ਰੁਕਦੇ ਨਹੀਂ ਹਾਂ। ਬੁਰਜੁਆਜ਼ੀ ਅਜਿਹੀ ਕਵਿਤਾ ਦੀ ਮੰਗ ਕਰਦੀ ਹੈ ਜਿਹੜੀ ਵਧੇਰੇ ਯਥਾਰਥ ਨਾਲੋਂ ਟੁੱਟੀ ਹੋਵੇ। ਜਿਹੜਾ ਕਵੀ ਸੱਚੀ ਗੱਲ ਮੂੰਹ 'ਤੇ ਕਹਿ ਦਿੰਦਾ ਹੈ, ਉਹ ਨਿਘਰ ਰਹੇ ਪੂੰਜੀ ਪ੍ਰਬੰਧ ਲਈ ਬੜਾ ਖਤਰਨਾਕ ਹੈ। ਕਵਿਤਾ ਦੀ ਇਹ ਵਿਸ਼ੇਸ਼ਤਾ ਰਹੀ ਹੈ ਕਿ ਇਹ ਬਾਹਰ ਗਲੀ ਵਿਚ ਨਿਕਲ ਆਉਂਦੀ ਹੈ। ਕਵਿਤਾ ਬਗਾਵਤ ਹੈ, ਕਵਿਤਾ ਮਰਦੀ ਨਹੀਂ। ਬਿੱਲੀ ਵਾਂਗ ਇਹ ਨੌ ਜਨਮ ਲੈਂਦੀ ਹੈ। ਉਹ ਇਸ ਨੂੰ ਪ੍ਰੇਸ਼ਾਨ ਕਰਦੇ ਹਨ, ਇਸ ਨੂੰ ਗਲੀਆਂ ਵਿਚਦੀ ਧੂਹੰਦੇ ਹਨ, ਇਸ 'ਤੇ ਥੁੱਕਦੇ ਹਨ, ਇਸ ਨੂੰ ਆਪਣੀਆਂ ਟਿੱਚਰਾਂ ਦਾ ਨਿਸ਼ਾਨਾ ਬਣਾਉਂਦੇ ਹਨ, ਇਸ ਦਾ ਗਲਾ ਘੁੱਟਣ ਦਾ ਯਤਨ ਕਰਦੇ ਹਨ, ਦੇਸ਼ ਨਿਕਾਲੇ ਲਈ ਮਜਬੂਰ ਕਰਦੇ ਹਨ, ਇਸ ਨੂੰ ਜੇਲ੍ਹ ਵਿਚ ਸੁੱਟਦੇ ਹਨ ਤੇ ਇਸ ਦੇ ਦਿਲ ਵਿਚ ਸਿੱਕਾ ਠੋਕਦੇ ਹਨ। ਐਪਰ ਇਹ ਹਰ ਅਜਿਹੀ ਕੋਸ਼ਿਸ਼ 'ਚੋਂ ਚੌਲਾਂ ਦੀਆਂ ਕਣੀਆਂ ਵਰਗੀ ਚਿੱਟੀ ਮੁਸਕਾਨ ਤੇ ਸਾਫ ਚਿਹਰਾ ਲਈ ਬਚ ਨਿਕਲਦੀ ਹੈ। ਮੇਰੀ ਕਵਿਤਾ ਅਜੇ ਵੀ ਬਾਗ਼ਾਂ ਵਿਚਦੀ ਲੰਘਦੀ ਉਹ ਪਗਡੰਡੀ ਹੈ, ਜਿਸ ਉਤੋਂ ਦੀ ਸਕੂਲ ਜਾਂਦੇ ਜਾਂਦੇ ਬੱਚੇ, ਨੰਗੇ ਪੈਰੀਂ ਤੁਰਦੇ ਹਨ, ਮੈਂ ਕਦੇ ਸੋਚ ਵੀ ਨਹੀਂ ਸਕਦਾ ਕਿ ਮੇਰੀ ਜ਼ਿੰਦਗੀ, ਕਵਿਤਾ ਤੇ ਰਾਜਨੀਤੀ ਵਿਚ ਵੱਖਰੀ ਵੱਖਰੀ ਵੰਡੀ ਹੋਈ ਹੈ।''

135 ਸਫ਼ਿਆਂ ਦੀ ਕਿਤਾਬ ਵਿਚ 57 ਕਵਿਤਾਵਾਂ ਕਵੀ ਦੇ ਬਿਆਨ ਦੀ ਪੁਸ਼ਟੀ ਕਰਦੀਆਂ ਹਨ । ਹਰਭਜਨ ਹੁੰਦਲ ਪੰਜਾਬੀ ਪਾਠਕਾਂ ਲਈ ਇਹ ਮਹਾਨ ਕਵਿਤਾ ਲਿਆਉਣ ਲਈ ਮੁਬਾਰਕ ਦਾ ਹੱਕਦਾਰ ਹੈ ।

ਨਾਟਕ ਸਪਾਰਟਾਕਸ : ਹਾਵਰਡ ਫਾਸਟ ਦਾ ਨਾਵਲ 'ਸਪਾਰਟਾਕਸ' ਇਕ ਕਲਾਸਕੀ ਸਾਹਿਤਕ ਕ੍ਰਿਤ ਹੈ । ਇਹ ਰੋਮ ਦੇ ਸਾਮਰਾਜ ਵਿਰੁੱਧ ਗੁਲਾਮਾਂ ਦੀ ਬਗਾਵਤ ਦੀ ਕਹਾਣੀ ਹੈ । ਸਪਾਰਟਾਕਸ ਉਸ ਬਗਾਵਤ ਦਾ ਮੋਢੀ ਸੀ । ਇਹ ਉਸ ਵੇਲੇ ਦੀ ਕਹਾਣੀ ਹੈ ਜਦੋਂ ਰੋਮ ਦੇ ਅਮੀਰ ਗੁਲਾਮਾਂ ਦੀ ਮੌਤ ਕੁਸ਼ਤੀ ਕਰਵਾ ਕੇ ਤਮਾਸ਼ਾ ਵੇਖਦੇ ਸਨ । ਕੁਸ਼ਤੀ ਕਰਨ ਵਾਲੇ ਦੇ ਵਿਰੋਧੀਆਂ ਕੋਲ ਮਾਰੂ ਹਥਿਆਰ ਹੁੰਦੇ ਸਨ । ਕੁਸ਼ਤੀ ਕਰਨ ਵਾਲਿਆਂ ਵਿਚੋਂ ਇਕ ਦੀ ਮੌਤ ਜ਼ਰੂਰੀ ਹੁੰਦੀ ਸੀ । ਸਪਾਰਟਾਕਸ ਨੇ ਇਕ ਕੁਸ਼ਤੀ ਦਰਮਿਆਨ ਆਪਣੇ ਵਿਰੋਧੀ ਨੂੰ ਮਾਰਨ ਦੀ ਥਾਂ ਰੋਮਨ ਤਮਾਸ਼ਾਈਆਂ ਨੂੰ ਨਿਸ਼ਾਨਾ ਬਣਾਇਆ । ਇਸ ਬਗਾਵਤ ਨੂੰ ਆਦਿ ਮਨੁੱਖ ਦੀ ਬਗਾਵਤ ਕਿਹਾ ਜਾ ਸਕਦਾ ਹੈ । ਬਹੁਤ ਸਾਲ ਪਹਿਲਾਂ ਇਸ ਨਾਵਲ 'ਤੇ ਆਧਾਰਤ ਇਕ ਫਿਲਮ ਨੇ ਬੜੀ ਪ੍ਰਸਿੱਧੀ ਲਈ ਸੀ । ਬੰਗਾਲ ਦੇ ਪ੍ਰਸਿੱਧ ਨਾਟਕਕਾਰ ਬਾਦਲ ਸਰਕਾਰ ਨੇ ਇਸੇ ਨਾਵਲ ਨੂੰ ਲੈ ਕੇ ਇਕ ਸ਼ਕਤੀਸ਼ਾਲੀ ਨਾਟਕ ਲਿਖਿਆ । ਇਸ ਨਾਟਕ ਦਾ ਪੰਜਾਬੀ ਰੂਪ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਥੱਲੇ ਬਿਆਸ ਦੀ ਪਲਸ ਮੰਚ ਇਕਾਈ ਨਵਚੇਤਨ ਕਲਾਮੰਚ ਦੀ ਟੀਮ ਵਲੋਂ ਪਹਿਲੀ ਨਵੰਬਰ, 1995 ਨੂੰ ਗਦਰੀ ਬਾਬਿਆਂ ਦੇ ਮੇਲੇ 'ਤੇ ਖੇਡਿਆ ਗਿਆ । ਪੰਜਾਬੀ ਵਿਚ ਇਹ ਇਸ ਨਾਟਕ ਦੀ ਪਹਿਲੀ ਪੇਸ਼ਕਸ਼ ਸੀ । ਨਾਟਕ ਪ੍ਰਭਾਵਸ਼ਾਲੀ ਸੀ ਪਰ ਇਹਦਾ ਉਹ ਨੋਟਿਸ ਨਹੀਂ ਲਿਆ ਗਿਆ, ਜਿਸ ਦਾ ਇਹ ਹੱਕਦਾਰ ਸੀ ਕਿਉਂਕਿ ਇਸ ਮੇਲੇ 'ਤੇ ਪੇਸ਼ ਕੀਤੇ ਨਾਟਕ 'ਇਤਿਹਾਸ ਦੇ ਸਫ਼ੇ 'ਤੇ' ਨੇ ਬਹੁਤਾ ਨਾਮ ਖੱਟਿਆ । ਇਹ ਨਾਟਕ ਫੇਰ ਬਿਆਸ ਦੀ ਟੀਮ ਵਲੋਂ ਹੰਸਾ ਸਿੰਘ ਦੀ ਨਿਰਦੇਸ਼ਨਾ ਥੱਲੇ 25-26 ਜਨਵਰੀ, 1996 ਦੀ ਦਰਮਿਆਨੀ ਰਾਤ ਪਲਸ ਮੰਚ ਦੇ ਮੇਲੇ 'ਤੇ ਖੇਡਿਆ ਗਿਆ । ਬਾਦਲ ਸਰਕਾਰ ਵਲੋਂ ਲਿਖੀ ਸਕਰਿਪਟ ਵਿਚ ਸੂਤਰਧਾਰ ਦੀ ਇਕ ਮਹੱਤਵਪੂਰਨ ਭੂਮਿਕਾ ਹੈ । ਪਹਿਲੀ ਨਵੰਬਰ ਅਤੇ 25 ਜਨਵਰੀ ਵਾਲੀਆਂ ਪੇਸ਼ਕਾਰੀਆਂ ਵਿਚ ਇਹ ਘਾਟ ਮਹਿਸੂਸ ਕੀਤੀ ਗਈ ਕਿ ਸੂਤਰਧਾਰ ਨੇ ਜਿਸ ਤਰ੍ਹਾਂ ਨਾਟਕ ਨੂੰ ਆਪਣੇ ਮੋਢਿਆਂ 'ਤੇ ਚੁੱਕਣਾ ਸੀ, ਉਹ ਚੁੱਕ ਨਹੀਂ ਸਕਿਆ । ਦੋਨੋਂ ਪੇਸ਼ਕਾਰੀਆਂ ਵਿਚ ਸਪਾਰਟਾਕਸ ਦੇ ਰੂਪ ਵਿਚ ਪਹਿਲੇ ਹਰਦੀਪ ਗਿੱਲ ਤੇ ਫਿਰ ਜਗਦੀਸ਼ ਬੇਦੀ ਨੇ ਆਪਣੀਆਂ ਭੂਮਿਕਾਵਾਂ ਸ਼ਕਤੀਸ਼ਾਲੀ ਤਰੀਕੇ ਨਾਲ ਨਿਭਾਈਆਂ ਤੇ ਨਾਟਕ ਨੂੰ ਸਫਲ ਬਣਾਇਆ । ਪੰਜਾਬੀ ਨਾਟਕ ਲਈ ਇਹ ਫ਼ਖਰ ਦੀ ਗੱਲ ਹੈ ਕਿ ਇਹੋ ਜਿਹੇ ਨਾਟਕ ਹੁਣ ਪੰਜਾਬ ਦੀ ਸਟੇਜ ਦੀ ਸ਼ਾਨ ਬਣ ਰਹੇ ਹਨ । ਇਹ ਨਾਟਕ ਹੁਣ 17 ਮਾਰਚ ਰਾਤ ਲਖਨਕੇ ਪੱਡਾ ਵਿਚ ਨਕਸਲੀ ਲਹਿਰ ਦੇ ਸ਼ਹੀਦ ਜੈਮਲ ਸਿੰਘ ਪੱਡਾ ਦੇ ਸ਼ਰਧਾਂਜਲੀ ਸਮਾਗਮ 'ਤੇ ਕੀਤਾ ਜਾ ਰਿਹਾ ਹੈ ।

25-2-1996